Downloaded From http://www.teachers-eligibility-test.com

Test Booklet No.
परीक्षा पुस्तिका संख्या

230766

This booklet contains 20 pages.
इस पुस्तिका में 20 पृष्ठ हैं ।

JBC – 12A

PAPER II / प्रश्न-पत्र II
PART IV & V / भाग IV & V
Punjabi Language Supplement
पंजाबी भाषा परिशिष्ट

Test Booklet Code
परीक्षा पुस्तिका संकेत

**X**

**Do not open this Test Booklet until you are asked to do so.**
**इस परीक्षा पुस्तिका को तब तक न खोलें जब तक कहा न जाए ।**

**Read carefully the Instructions on the Back Cover (Page 19 & 20) of this Test Booklet.**
**इस परीक्षा पुस्तिका के पिछले आवरण (पृष्ठ 19 व 20) पर दिए निर्देशों को ध्यान से पढ़ें ।**

**For instructions in Punjabi see Page 2 of this booklet. / पंजाबी में निर्देशों के लिए इस पुस्तिका का पृष्ठ 2 देखें ।**

## *INSTRUCTIONS FOR CANDIDATES*

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Part I and Part II **OR** III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Blue / Black Ball Point Pen only** for writing particulars on this page / marking responses in the Answer Sheet.
5. The CODE for this Language Booklet is **X**. Make sure that the CODE printed on **Side-2** of the Answer Sheet and on your Main Test Booklet is the same as that on this Language Supplement Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part IV : Language I – (Punjabi) *(Q. 91 to Q. 120)*
   Part V : Language II – (Punjabi) *(Q. 121 to Q. 150)*
7. Part IV contains 30 questions for Language I and Part V contains 30 questions for Language II. In this Test Booklet, only questions pertaining to Punjabi language have been given. **In case the language/s you have opted for as Language I and/or Language II is a language other than Punjabi, please ask for a Test Booklet that contains questions on that language. The languages being answered must tally with the languages opted for in your Application Form.**
8. **Candidates are required to attempt questions in Part V (Language II) in a language other than the one chosen as Language I (in Part IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

## *परीक्षार्थियों के लिए निर्देश*

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं** ।
2. परीक्षार्थी भाग I एवं भाग II **या** III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से ।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं । भाषा परिशिष्टों को आप अलग से माँग सकते हैं ।
4. इस पृष्ठ पर विवरण अंकित करने एवं उत्तर पत्र पर निशान लगाने के लिए **केवल नीले/काले बॉल पॉइंट पेन** का प्रयोग करें ।
5. इस भाषा पुस्तिका का **संकेत** है **X**. यह सुनिश्चित कर लें कि इस भाषा परिशिष्ट पुस्तिका का संकेत, उत्तर पत्र के **पृष्ठ-2** एवं मुख्य प्रश्न पुस्तिका पर छपे संकेत से मिलता है । अगर यह भिन्न हो तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग IV : भाषा I — (पंजाबी) *(प्र. 91 से प्र. 120)*
   भाग V : भाषा II — (पंजाबी) *(प्र. 121 से प्र. 150)*
7. भाग IV में भाषा I के लिए 30 प्रश्न और भाग V में भाषा II के लिए 30 प्रश्न दिए गए हैं । इस परीक्षा पुस्तिका में केवल पंजाबी भाषा से संबंधित प्रश्न दिए गए हैं । **यदि भाषा I और/या भाषा II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए । जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिएँ ।**
8. **परीक्षार्थी भाग V (भाषा II) के लिए, भाषा सूची से ऐसी भाषा चुनें जो उनके द्वारा भाषा I (भाग IV) में चुनी गई भाषा से भिन्न हो ।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें ।
10. सभी उत्तर केवल OMR उत्तर पत्र पर ही अंकित करें । अपने उत्तर ध्यानपूर्वक अंकित करें । उत्तर बदलने हेतु श्वेत रंजक का प्रयोग निषिद्ध है ।

**SEAL**

Name of the Candidate (in Capitals) : ____________________
परीक्षार्थी का नाम (बड़े अक्षरों में ) :
Roll Number (अनुक्रमांक) : in figures (अंकों में) ____________________
: in words (शब्दों में) ____________________
Centre of Examination (in Capitals) : ____________________
परीक्षा केन्द्र (बड़े अक्षरों में ) :
Candidate's Signature : ____________ Invigilator's Signature : ____________
परीक्षार्थी के हस्ताक्षर निरीक्षक के हस्ताक्षर
Facsimile signature stamp of Centre Superintendent ____________________

Downloaded From http://www.teachers-eligibility-test.com

Downloaded From http://www.teachers-eligibility-test.com


ਇਸ ਪੁਸਤਿਕਾ ਵਿੱਚ 20 ਪੰਨੇ ਹਨ । **JBC – 12A** ਪਰੀਖਿਆ ਪੁਸਤਿਕਾ ਸੰਕੇਤ

**X**

**ਪੇਪਰ II**

**ਭਾਗ IV & V**

**ਪੰਜਾਬੀ ਭਾਸ਼ਾ ਪੂਰਕ**

**ਇਸ ਪਰੀਖਿਆ ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ ।**

**ਇਸ ਪਰੀਖਿਆ ਪੁਸਤਿਕਾ ਦੇ ਪਿੱਛਲੇ ਪੰਨੇ (19 & 20) ਤੇ ਦਿੱਤੇ ਨਿਰੇਦਸ਼ਾਂ ਨੂੰ ਧਿਆਨ ਨਾਲ ਪੜ੍ਹੋ ।**

***ਪਰੀਖਿਆਰਥੀਆਂ ਲਈ ਨਿਰਦੇਸ਼ :***

1. ਇਹ ਪੁਸਤਿਕਾ ਮੁੱਖ ਪ੍ਰਸ਼ਨ ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ **ਜਾਂ** ਤਾਂ ਭਾਗ IV (ਭਾਸ਼ਾ I) **ਜਾਂ** ਭਾਗ V (ਭਾਸ਼ਾ II) **ਪੰਜਾਬੀ** ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ **ਦੋਨਾਂ ਵਿੱਚ ਨਹੀਂ** ।
2. ਪਰੀਖਿਆਰਥੀ ਭਾਗ I ਅਤੇ ਭਾਗ II **ਜਾਂ** III ਦੇ ਉੱਤਰ ਮੁੱਖ ਪਰੀਖਿਆ ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ । ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋ ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ ਪੱਤਰ ਤੇ ਨਿਸ਼ਾਨ ਲਗਾਉਣ ਲਈ **ਕੇਵਲ ਨੀਲੇ/ਕਾਲੇ ਬਾਲ ਪੁਆਇੰਟ ਪੈੱਨ** ਦਾ ਹੀ ਇਸਤੇਮਾਲ ਕਰੋ ।
5. ਇਸ ਭਾਸ਼ਾ ਪੁਸਤਿਕਾ ਦਾ **ਸੰਕੇਤ** ਹੈ **X**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ ਪੁਸਤਿਕਾ ਦਾ ਸੰਕੇਤ, ਉੱਤਰ ਪੱਤਰ ਦੇ **ਪੰਨਾ-2** ਅਤੇ ਮੁੱਖ ਪਰੀਖਿਆ ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ । ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ ਭਾਸ਼ਾ ਦੀ ਦੂਜੀ ਪਰੀਖਿਆ ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੇ ।
6. ਇਸ ਪਰੀਖਿਆ ਪੁਸਤਿਕਾ ਵਿੱਚ ਦੋ ਭਾਗ IV ਅਤੇ V ਹਨ, ਜਿਸ ਵਿੱਚ **60** ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ :

   ਭਾਗ IV : ਭਾਸ਼ਾ I — (ਪੰਜਾਬੀ) *(ਪ੍ਰ. 91 ਤੋਂ ਪ੍ਰ. 120)*

   ਭਾਗ V : ਭਾਸ਼ਾ II — (ਪੰਜਾਬੀ) *(ਪ੍ਰ. 121 ਤੋਂ ਪ੍ਰ. 150)*
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ । ਇਸ ਪਰੀਖਿਆ ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ । **ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ(ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ ।**
8. **ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੇ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ ।**
9. ਪ੍ਰਸ਼ਨ ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ ।
10. ਸਾਰੇ ਉੱਤਰ ਕੇਵਲ ਓ.ਐੱਮ.ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ । ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ । ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ ।

ਪਰੀਖਿਆਰਥੀ ਦਾ ਨਾਂ (ਵੱਡੇ ਅਖਰਾਂ ਵਿੱਚ) : ______________________

ਰੋਲ ਨੰਬਰ : ਅੰਕਾਂ ਵਿੱਚ ______________________

: ਸ਼ਬਦਾਂ ਵਿੱਚ ______________________

ਪਰੀਖਿਆ ਕੇਂਦਰ (ਵੱਡੇ ਅਖਰਾਂ ਵਿੱਚ) : ______________________

ਪਰੀਖਿਆਰਥੀ ਦੇ ਦਸਖ਼ਤ : ______________ ਨਿਰੀਖਿਅਕ ਦੇ ਦਸਖ਼ਤ : ______________

Facsimile signature stamp of Centre Superintendent ______________________

Downloaded From http://www.teachers-eligibility-test.com

Downloaded From http://www.teachers-eligibility-test.com


ਪਰੀਖਿਆਰਥੀ ਹੇਠ ਲਿਖੇ ਭਾਗ ਦੇ ਪ੍ਰਸ਼ਨਾਂ ਦੇ ਉੱਤਰ ਕੇਵਲ ਤਾਂ ਹੀ ਦੇਵੇ ਜੇਕਰ ਉਸਨੇ **ਭਾਗ – I** ਦਾ ਵਿਕਲਪ **ਪੰਜਾਬੀ** ਚੁਣਿਆ ਹੈ ।

→

Downloaded From http://www.teachers-eligibility-test.com

Downloaded From http://www.teachers-eligibility-test.com



# ਭਾਗ IV

## ਭਾਸ਼ਾ I

## ਪੰਜਾਬੀ

*ਨੋਟ : ਹੇਠਲੇ ਪ੍ਰਸ਼ਨ ਨੰ. 91 ਤੋਂ 105 ਵਿਚੋਂ ਹਰ ਪ੍ਰਸ਼ਨ ਦਾ ਸਭ ਤੋਂ ਸਹੀ ਉੱਤਰ ਚੁਣੋ ।*

**91.** ਅਦਾਕਾਰਾਂ ਲਈ ਵਰਤੇ ਜਾਂਦੇ ਇਕੱਠ ਵਾਚਕ ਨੂੰ ਕਹਿੰਦੇ ਹਨ

(1) ਟੋਲੀ

(2) ਕਾਲੋਨੀ

(3) ਕਾਸਟ

(4) ਫੈਕਲਟੀ

**92.** ਤੁਸੀਂ ਪੁੱਛਿਆ ਮੇਰਾ ਮਕਸਦ ਕੀ ਹੈ ? ਮੈ ਇਸ ਦਾ ਜਵਾਬ ਇਕ ਸ਼ਬਦ ਵਿਚ ਦੇ ਸਕਦਾਂ – ਜਿੱਤ ਅਜਿਹੇ ਪ੍ਰਸ਼ਨ ਨੂੰ ਕਹਿੰਦੇ ਹਨ –

(1) ਵਿਆਖਿਆਤਮਕ

(2) ਅਲੰਕਾਰਕ

(3) ਸ਼ੈਲੀ ਮੂਲਕ

(4) ਪ੍ਰਾਪਟ

**93.** ਗੱਡੀ 'ਚ ਤੁਹਾਡਾ ਸਾਥੀ ਯਾਤਰੀ ਖਿੜਕੀ ਦੇ ਨਾਲ ਦੀ ਸੀਟ 'ਤੇ ਬੈਠ ਗਿਆ ਅਤੇ ਤੁਸੀਂ ਉਸ ਖਿੜਕੀ ਨੂੰ ਬੰਦ ਕਰਨਾ ਚਾਹੁੰਦੇ ਹੋ, ਚੋਣ ਕਰੋ ਕਿ ਤੁਸੀਂ ਇਹ ਬੇਨਤੀ ਕਿਵੇਂ ਕਰੋਗੇ ?

(1) ਕਿਰਪਾ ਕਰਕੇ ਖਿੜਕੀ ਬੰਦ ਕਰ ਦਿਉ

(2) ਕੀ ਤੁਸੀਂ ਖਿੜਕੀ ਬੰਦ ਕਰ ਸਕਦਾ ਹੋ ?

(3) ਕੀ ਇਹ ਸੰਭਵ ਹੈ ਕਿ ਤੁਸੀਂ ਖਿੜਕੀ ਬੰਦ ਕਰ ਦਿਉ ?

(4) ਮੈਨੂੰ ਖਿੜਕੀ ਬੰਦ ਕਰਨ ਦਿਉ

**94.** ਇਸ ਗੱਲਬਾਤ ਨੂੰ ਪੜ੍ਹੋ

ਅਧਿਆਪਕ : ਕੀ ਤੁਸੀਂ ਇਕ ਕਹਾਣੀਆਂ ਦੀ ਕਿਤਾਬ ਵੀ ਪੜ੍ਹਣੀ ਪਸੰਦ ਕਰੋਗੇ ?

ਵਿਦਿਆਰਥੀ : ਜੀ ਹਾਂ

ਅਧਿਆਪਕ : ਹਾਂ ਕਿਰਪਾ ਕਰਕੇ

(1) ਸਰਗਰਮੀ ਨਾਲ ਭਾਸ਼ਾ ਦੇ ਵਿਕਲਪ ਦੀ ਪੇਸ਼ਕਸ਼ ਕਰਦਾ ਹੈ

(2) ਨਿਮਰਤਾਪੂਰਨ ਭਾਸ਼ਾ ਦੇ ਕਾਰਜ ਨਾਲ ਸੰਬੰਧ ਜੋੜਦਾ ਹੈ

(3) ਪੜ੍ਹਣਾ ਸ਼ੁਰੂ ਕਰਨ ਵਾਸਤੇ ਨਿਮਰ ਸੁਝਾਅ ਦਿੰਦਾ ਹੈ

(4) ਵਿਦਿਆਰਥੀ ਦੀ ਬੇਨਤੀ ਨੂੰ ਪੱਕਿਆਂ ਕਰਦਾ ਹੈ

**95.** ਇਨ੍ਹਾਂ ਚੋ ਪ੍ਰਕਾਰਨੀ ਸ਼ਬਦ ਕਿਹੜਾ ਹੈ ?

(1) ਨਿਰਜਣਾ

(2) ਨਾ ਕਾਫ਼ੀ

(3) ਸਕੇਟਿੰਗ

(4) ਹਰੇਕ

Downloaded From http://www.teachers-eligibility-test.com

Downloaded From http://www.teachers-eligibility-test.com



**96.** ... 'May', 'Might', 'Can', 'Could' ਆਦਿ ਨੂੰ ਸਿਖਦਿਆਂ ਇਨ੍ਹਾਂ ਦਾ ਕਿਸ ਉਪਰ ਬਲ ਹੁੰਦਾ ਹੈ ?

(1) ਪ੍ਰਸੰਗ ਦੇ ਅਰਥ ਉਪਰ

(2) ਅਗਲੇ ਸ਼ਬਦਾਂ ਦੇ ਅਰਥ ਉਪਰ

(3) ਉਨ੍ਹਾਂ ਦੇ ਵਾਕਬੋਧ ਦੀ ਸਥਿਤੀ ਉਪਰ

(4) ਉਨ੍ਹਾਂ ਦੇ ਅਰਥ ਉਪਰ

**97.** ਡਾਕੀਏ ਨੇ ਡਾਕ ਸਵੇਰੇ 11 ਵਜੇ ਪਹੁੰਚਾ ਦਿੱਤੀ । ਡਾਕ ਡਾਕੀਏ ਦੁਆਰਾ ਪਹੁੰਚਾਈ ਜਾ ਚੁੱਕੀ ਸੀ । ਦਿੱਤੇ ਹੋਏ ਦੋਵਾਂ ਕਥਨਾਂ ਨੂੰ ਵਖਰਾਉਣ ਲਈ ਵਿਦਿਆਰਥੀਆਂ ਦਾ ਧਿਆਨ ਖਿੱਚਿਆ ਜਾਵੇਗਾ

(1) ਸ਼ਬਦਾਂ ਦੇ ਪ੍ਰਬੰਧ 'ਚ ਵਖਰੇਵੇਂ ਰਾਹੀਂ

(2) ਦੋਵਾਂ ਵਾਕਾਂ 'ਚ ਵਿਸ਼ਾ ਤੇ ਵਸਤੂ ਦੀਆਂ ਵੱਖੋਂ ਵੱਖਰੀਆਂ ਭੂਮਿਕਾਵਾਂ ਰਾਹੀਂ

(3) ਕਿਰਿਆ ਰੂਪਾਂ ਵਿਚ ਬਦਲਾਅ ਲਿਆਕੇ

(4) ਅਕਰਮਕ ਕਿਰਿਆ 'ਚ 'ਦੁਆਰਾ' ਦੀ ਵਰਤੋਂ ਰਾਹੀਂ

**98.** ਇਨ੍ਹਾਂ ਚੋਂ ਕਿਹੜਾ ਜੁੱਟ 'ਸੂਝਮੂਲਕ ਸ਼ੈਲੀ' ਦੀਆਂ ਕਿਸਮਾਂ ਬਣਾਉਂਦਾ ਹੈ

(1) ਸਕਰਮਕ/ਅਕਰਮਕ

(2) ਸਮੁੱਚਤਾ/ਵਿਸ਼ਲੇਸ਼ਣਾਤਮਕ

(3) ਵਿਆਖਿਆਤਮਕ/ਸ਼ਾਬਦਿਕ

(4) ਭਾਵਨਾਤਮਕ/ਚੇਤੰਨ

**99.** ਭਾਸ਼ਾ ਦੀ ਸਿਖਲਾਈ ਤੇ ਆਂਕਲਣ ਵਿਚ 'Portfolio' ਦਾ ਅਰਥ ਹੈ

(1) ਹਰ ਟਰਮ ਵਿਚ ਮੌਖਿਕ ਟੈਸਟ ਕਰਵਾਉਣਾ

(2) ਪ੍ਰਗਤੀ ਦਾ ਪਤਾ ਲਾਉਣ ਲਈ ਇਕ ਨਿਸ਼ਚਿਤ ਸਮੇਂ ਅੰਦਰ ਸਿਖਿਆਰਥੀਆਂ ਦੇ ਕੰਮ ਦਾ ਸੰਗ੍ਰਹਿ

(3) ਹਰ ਮਿਆਰ ਵਿਚ ਅਧਿਆਪਕ ਰਾਹੀਂ ਵਿਦਿਆਰਥੀਆਂ ਦੇ ਵਿਹਾਰ ਨੂੰ ਜ਼ਾਬਤੇ ਵਿਚ ਰੱਖਣ ਦਾ ਇਕ ਰਿਕਾਰਡ

(4) ਮਿਆਦੀ ਪੈੱਨ ਪੇਪਰ ਟੈਸਟ

**100.** ਪੜ੍ਹਣ ਸਮੇਂ Decode ਦਾ ਅਰਥ ਹੁੰਦਾ ਹੈ

(1) ਗੁੰਝਲਦਾਰ ਅੜਾਉਣੀ ਹੱਲ ਕਰਨੀ

(2) ਵਿਸ਼ਲੇਸ਼ਣ ਕਰਨਾ ਤੇ ਸਮਝਣਾ

(3) ਇਕ ਵਿਦੇਸ਼ੀ ਭਾਸ਼ਾ ਨੂੰ ਸਮਝਣਾ

(4) ICT ਵਿਚ ਵਰਤਿਆ ਜਾਂਦਾ ਇਕ ਐਕਸ਼ਨ

Downloaded From http://www.teachers-eligibility-test.com

Downloaded From http://www.teachers-eligibility-test.com



**101.** ਪਹਿਲਾ ਬੁਲਾਰਾ : ਕੀ ਤੁਹਾਡੇ ਮਾਤਾ ਜੀ ਨੇ ਅਜ ਘਰ ਆਉਂਦਾ ਹੈ ?

ਦੂਜਾ ਬੁਲਾਰਾ : ਹਾਂ

ਵਿਦਿਆਰਥੀ ਦੀ ਬੋਲਣ ਤੇ ਸੁਣਨ ਦੀ ਮੁਹਾਰਤ ਦਾ ਮੁਲਾਂਕਣ ਕਰਦਿਆਂ ਇਸ ਗੱਲਬਾਤ, ਦੌਰਾਨ ਕਿਸ ਦੀ ਵਜਹ ਕਰਕੇ ਅੰਕ ਕੱਟੇ ਜਾ ਸਕਦੇ ਹਨ

(1) ਪਹਿਲਾ ਬੁਲਾਰਾ

(2) ਦੂਜਾ ਸਪੀਕਰ

(3) ਦੋਵਾਂ ਕਰਕੇ

(4) ਕਿਸੇ ਕਰਕੇ ਵੀ ਨਹੀਂ

**102.** ਲਿਖਣ ਸਮੇਂ ਮੇਲ ਦੀ ਕਿਹੜੀ ਜੁਗਤ ਵਰਤੀ ਜਾਂਦੀ ਹੈ ?

(1) ਪਦਲੋਪ

(2) ਵਿਸ਼ੇਸ਼ਣ

(3) ਸੰਬੰਧਕ

(4) ਵਾਕਾਂਸ਼

**103.** ਜੇਕਰ ਕੋਈ ਲਿਖਿਤ ਸੰਖੇਪ ਪਰ ਮੁਕੰਮਲ ਹੈ ਅਤੇ ਅਨਿਆ ਪੁਰਖ ਵਿਚ ਹੈ, ਗ਼ਲਤੀਆਂ ਤੇ ਭਾਵਨਾਤਮਕ ਸੁਰਾਂ ਤੋਂ ਰਹਿਤ ਹੈ ਅਤੇ ਤਰਕਸੰਗਤ ਢੰਗ ਨਾਲ ਸੰਗਠਿਤ ਹੈ ਤਾਂ ਇਸ ਨੂੰ ਕਹਾਂਗੇ

(1) ਮੰਗ ਪੱਤਰ

(2) ਰਿਪੋਰਟ

(3) ਅਖ਼ਬਾਰ ਦਾ ਲੇਖ

(4) ਵਰਗੀਕ੍ਰਿਤ ਇਸ਼ਤਿਹਾਰ

**104.** ਸੂਰਜ ਗ੍ਰਹਿਣ ਕਦੋ ਲੱਗਣਾ ਹੈ ? ਇਹ ਪ੍ਰਸ਼ਨ ਕਿਹੜੇ ਕਾਲ ਵਿਚ ਹੈ ?

(1) ਵਰਤਮਾਨ ਕਾਲ ਵਿਚ

(2) ਭਵਿਖ ਕਾਲ

(3) ਚਾਲੂ ਵਰਤਮਾਨ ਕਾਲ

(4) ਭੂਤ ਕਾਲ. ਵਿਚ

**105.** NCF 2005 (3.1.4) ਦੀਆਂ ਸਿਫ਼ਾਰਸ਼ਾਂ ਮੁਤਾਬਕ ਸਕੂਲ ਨੂੰ ਬਹੁਤੇ ਮਾਮਲਿਆਂ 'ਚ ਪੜ੍ਹਣ ਤੇ ਲਿਖਣ ਵਾਲੇ, ਵਿਸ਼ੇਸ਼ ਧਿਆਨ ਦੇਣ ਦੀ ਲੋੜ ਨਹੀਂ । ਖ਼ਾਸ਼ ਕਰਕੇ ਹੇਠ ਲਿਖੇ ਮਾਮਲੇ ਵਿਚ

(1) ਮਾਤ-ਭਾਸ਼ਾਵਾਂ

(2) ਹਿੰਦੀ

(3) ਹੋਰ ਵਿਦੇਸ਼ੀ ਭਾਸ਼ਾਵਾਂ

(4) ਅੰਗਰੇਜ਼ੀ

Downloaded From http://www.teachers-eligibility-test.com

Downloaded From http://www.teachers-eligibility-test.com



***ਨੋਟ :** ਹੇਠ ਲਿਖੇ ਪੈਰੇ ਨੂੰ ਪੜ੍ਹੋ ਅਤੇ ਪ੍ਰਸ਼ਨ ਨੰ. 106 ਤੋਂ 114 ਤਕ ਦੇ ਉੱਤਰਾਂ ਵਿੱਚੋਂ **ਢੁਕਵੇਂ ਉੱਤਰ ਚੁਣੋ ।***

ਘਰ ਇੱਟਾਂ ਜਾ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ । 'ਘਰ' ਤੋਂ ਭਾਵ ਉਹ ਥਾਂ ਹੈ, ਜਿਥੇ ਮਨੁੱਖ ਦੇ ਪਿਆਰ ਤੇ ਸੱਧਰਾਂ ਪਲਦੀਆਂ ਹਨ; ਜਿਥੇ ਬਾਲਪਨ ਵਿਚ ਮਾਂ, ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ; ਜਿਥੇ ਜਵਾਨੀ ਵਿਚ ਸਾਰੇ ਜਹਾਨ ਨੂੰ ਗਾਹ ਕੇ, ਲਤਾੜ ਕੇ, ਖਟੀ ਕਮਾਈ ਕਰ ਕੇ ਮੁੜ ਆਉਣ ਨੂੰ ਜੀ ਕਰਦਾ ਹੈ, ਜਿਥੇ ਬੁਢੇਪੇ ਵਿਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ ਕਟਣ ਵਿਚ ਇਉਂ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿਚ ਮਾਂ ਦੀ ਝੋਲੀ ਵਿਚ ਆਉਂਦਾ ਸੀ । ਘਰ ਮਨੁੱਖ ਦੇ ਨਿਜੀ ਵਲਵਲਿਆਂ ਤੇ ਸਖ਼ਸੀ ਰਹਿਣੀ ਦਾ ਕੇਂਦਰ ਹੁੰਦਾ ਹੈ । ਉਸ ਦਾ ਆਚਰਣ ਬਣਾਉਣ ਵਿਚ ਜਿਥੇ ਸਮਾਜਕ ਤੇ ਮੁਲਕੀ ਆਲੇ ਦੁਆਲੇ ਦਾ ਅਸਰ ਕੰਮ ਕਰਦਾ ਹੈ, ਉਥੇ ਘਰ ਦੀ ਚਾਰ ਦਿਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਦਾ ਅਸਰ ਵੀ ਘਟ ਕੰਮ ਨਹੀਂ ਕਰਦਾ । ਸਗੋਂ ਮਨੁੱਖ ਦਾ ਆਚਰਣ ਬਣਦਾ ਹੀ ਘਰ ਵਿਚ ਹੈ । ਇਹੋ ਉਸ ਦੀਆਂ ਰੁਚੀਆਂ ਅਤੇ ਸੁਭਾਅ ਦਾ ਸਾਂਚਾ ਹੈ । ਕਈ ਵਾਰੀ ਜਦ ਮੈਂ ਕਿਸੇ ਸਜਣ ਨੂੰ ਕੋਝੇ, ਸੜੀਅਲ ਜਾਂ ਖਿਝੂ ਸੁਭਾ ਵਾਲਾ ਵੇਖਦਾ ਹਾਂ, ਤਾਂ ਮੈਂ ਦਿਲ ਵਿਚ ਕਹਿੰਦਾ ਹਾਂ, ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੋਣਾ ।

**106.** ਘਰ ਤੋਂ ਕੀ ਭਾਵ ਹੈ ?

(1) ਮਿੱਟੀ-ਗਾਰੇ ਨਾਲ ਬਣੀ ਕੁਟੀਆ

(2) ਬੁਢਾਪਾ ਕੱਟਣ ਦੀ ਥਾਂ

(3) ਮਨੁੱਖੀ ਪਿਆਰ ਅਤੇ ਸੱਧਰਾਂ ਦੀ ਥਾਂ

(4) ਇੱਟਾਂ ਨਾਲ ਬਣੀ ਆਲੀਸ਼ਾਨ ਇਮਾਰਤ

**107.** ਜਿਸਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੁੰਦਾ, ਉਹ ਵਿਅਕਤੀ

(1) ਚੰਗੇ ਆਚਰਣ ਵਾਲਾ ਹੁੰਦਾ ਹੈ

(2) ਪਿਆਰ ਵੰਡਣ ਵਾਲਾ ਹੁੰਦਾ ਹੈ

(3) ਸੜੀਅਲ ਬਿਰਤੀ ਵਾਲਾ ਹੁੰਦਾ ਹੈ

(4) ਬਹੁਤ ਕਮਾਈ ਕਰਨ ਵਾਲਾ ਹੁੰਦਾ ਹੈ

Downloaded From http://www.teachers-eligibility-test.com

Downloaded From http://www.teachers-eligibility-test.com



*ਹੇਠ ਲਿਖੀ ਸਤਰ ਦੇ ਆਧਾਰ 'ਤੇ ਪ੍ਰਸ਼ਨ ਸੰਖਿਆ 108 ਅਤੇ 109 ਦਾ ਉੱਤਰ ਦਿਉ ।*

ਘਰ ਮਨੁੱਖ ਦੇ ਨਿਜੀ ਵਲਵਲਿਆਂ ਤੇ ਸ਼ਖਸ਼ੀ ਰਹਿਣੀ ਦਾ ਕੇਂਦਰ ਹੁੰਦਾ ਹੈ ।

**108.** ਉਪਰੋਕਤ ਵਾਕ ਵਿਚ ਸ਼ਬਦ 'ਨਿਜੀ' ਕਿਸ ਵਿਆਕਰਣਕ ਸ਼੍ਰੇਣੀ ਨਾਲ ਸੰਬੰਧਿਤ ਹੈ ?

(1) ਭਾਵ ਵਾਚਕ ਨਾਂਵ

(2) ਕਿਰਦੰਤ

(3) ਵਿਸ਼ੇਸਣ

(4) ਪੜਨਾਂਵ

**109.** ਸ਼ਬਦ 'ਕੇਂਦਰ' ਕਿਸ ਵਿਆਕਰਣਕ ਸ਼੍ਰੇਣੀ ਨਾਲ ਸੰਬੰਧਿਤ ਹੈ ?

(1) ਨਾਂਵ

(2) ਕਿਰਿਆ ਵਿਸ਼ੇਸਣ

(3) ਵਿਸ਼ੇਸਣ

(4) ਕਿਰਿਆ

**110.** 'ਗਾਹ ਕੇ' ਸ਼ਬਦ ਦਾ ਅਰਥ ਹੈ

(1) ਘੁੰਮ ਆਉਣਾ

(2) ਹਲ ਵਾਹੁਣਾ

(3) ਕਿਸੇ ਦੀ ਮਾਰ-ਕੁਟਾਈ ਕਰਨੀ

(4) ਇਨ੍ਹਾਂ ਵਿਚੋਂ ਕੋਈ ਨਹੀਂ

**111.** 'ਮੁਲਕੀ' ਸ਼ਬਦ ਦਾ ਅਰਥ ਹੈ

(1) ਦੇਸ਼ ਨਾਲ ਸੰਬੰਧਿਤ

(2) ਧਨ-ਦੌਲਤ ਨਾਲ ਭਰਪੂਰ

(3) ਮਲਕੀਅਤ

(4) ਇਨ੍ਹਾਂ ਵਿਚੋਂ ਕੋਈ ਨਹੀਂ

**112.** ਦਿੱਤਾ ਗਿਆ ਪੈਰਾ ਕਿਸ ਵਿਧੀ ਨਾਲ ਸੰਬੰਧਿਤ ਹੈ ?

(1) ਮੱਧਮ ਪੁਰਖ

(2) ਉੱਤਮ ਪੁਰਖ

(3) ਉਪਰੋਕਤ ਦੋਹਾਂ ਨਾਲ

(4) ਕਿਸੇ ਨਾਲ ਵੀ ਨਹੀਂ

**113.** 'ਵਿਹਲ' ਦਾ ਵਿਰੋਧੀ ਸ਼ਬਦ ਦੱਸੋ

(1) ਰੁਝੇਵਾਂ

(2) ਝਮੇਲਾ

(3) ਵਿਰਲਾ

(4) ਖਾਲੀਪਨ

**114.** ਹੇਠ ਲਿਖਿਆਂ ਵਿਚੋਂ ਕਿਹੜਾ ਸਮਾਸੀ ਸ਼ਬਦ ਹੈ ?

(1) ਆਲੇ ਦੁਆਲੇ

(2) ਭੈਣ ਤੇ ਭਰਾ

(3) ਚਾਰ ਦਿਵਾਰੀ

(4) ਇਨ੍ਹਾਂ ਵਿਚੋਂ ਕੋਈ ਨਹੀਂ

Downloaded From http://www.teachers-eligibility-test.com

Downloaded From http://www.teachers-eligibility-test.com



*ਨੋਟ : ਹੇਠ ਲਿਖੀ ਕਵਿਤਾ ਪੜ੍ਹੋ ਅਤੇ ਉਸ ਅੱਗੇ ਦਿੱਤੇ ਪ੍ਰਸ਼ਨ ਨੰ. 115 ਤੋਂ 120 ਦੇ ਉੱਤਰਾਂ ਵਿਚੋਂ ਸਭ ਤੋਂ **ਢੁਕਵੇਂ ਉੱਤਰ ਚੁਣੋ** ।*

ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁਪ ਰਿਹਾ ਤਾਂ ਸ਼ਮ੍ਹਾਦਾਨ ਕੀ ਰਹਿਣਗੇ
ਗੀਤ ਦੀ ਮੌਤ ਇਸ ਰਾਤ ਜੇ ਹੋ ਗਈ
ਮੇਰਾ ਜੀਣਾ ਮੇਰੇ ਯਾਰ ਕਿੰਝ ਸਹਿਣਗੇ
ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ
ਆਖੋ ਏਨ੍ਹਾਂ ਨੂੰ ਉਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਏਥੇ ਖੜੇ ਰਹਿਣਗੇ
ਕੀ ਇਹ ਇਨਸਾਫ਼ ਹਉਮੈ ਦੇ ਪੁਤ ਕਰਨਗੇ
ਕੀ ਇਹ ਖ਼ਾਮੋਸ਼ ਪੱਥਰ ਦੇ ਬੁਤ ਕਰਨਗੇ
ਜੋ ਸਲੀਬਾਂ ਤੇ ਟੰਗੇ ਨੇ ਲਥਣੇ ਨਹੀਂ
ਰਾਜ ਬਦਲਣਗੇ ਸੂਰਜ ਚੜ੍ਹਨ ਲਹਿਣਗੇ

**115.** ਉਪਰੋਕਤ ਰਚਨਾ ਕਿਸ ਕਾਵਿ ਰੂਪ ਨਾਲ ਸੰਬੰਧਿਤ ਹੈ ?

(1) ਕਵਿਤਾ

(2) ਗ਼ਜ਼ਲ

(3) ਰੁਬਾਈ

(4) ਗੀਤ

**116.** 'ਸ਼ਮ੍ਹਾਦਾਨ' ਸ਼ਬਦ ਦਾ ਸੰਦਰਭਮੂਲਕ ਅਰਥ ਹੈ

(1) ਸੂਰਜ ਢੁਲਣ 'ਤੇ ਕੀਤਾ ਗਿਆ ਦਾਨ

(2) ਦੀਵਿਆਂ ਦੀ ਕਤਾਰਬੰਦੀ ਕਰਨਾ

(3) ਰੌਸ਼ਨ ਦਿਮਾਗ਼

(4) ਚੰਨ-ਪਾਤਰ

**117.** ਅਦਾਲਤ ਵਿਚ ਬੰਦਿਆਂ ਦਾ ਬਿਰਖ ਹੋ ਜਾਣਾ ਪ੍ਰਤੀਕ ਹੈ

(1) ਅਦਾਲਤੀ ਪ੍ਰਬੰਧ ਵਿਚ ਵਿਅਕਤੀ ਦੀ ਖਜਲ-ਖੁਆਰੀ ਦਾ

(2) ਨਿਆਂ ਨਾ ਮਿਲਣ ਦਾ

(3) ਵਿਅਕਤੀਆਂ ਦਾ ਇਨਸਾਫ ਦੀ ਉਡੀਕ ਵਿਚ ਜੜ੍ਹ ਹੋ ਜਾਣਾ

(4) ਉਪਰੋਕਤ ਤਿੰਨੇ

**118.** 'ਸਲੀਬ' ਦਾ ਸਮਾਨਾਰਥਕ ਸ਼ਬਦ ਹੈ

(1) ਫਾਹਾ ਲੈਣਾ

(2) ਸੂਲੀ

(3) ਰੇਗਿਸਤਾਨ

(4) ਤਖ਼ਤ

**119.** ਗੀਤ ਦੀ ਮੌਤ ਤੋ ਭਾਵ ਹੈ

(1) ਨਾ ਗਾਇਆ ਜਾ ਸਕਣ ਵਾਲਾ ਗੀਤ

(2) ਗੀਤ ਦਾ ਸੁਰ ਅੱਧ-ਵਿਚਕਾਰ ਟੁੱਟਣਾ

(3) ਕਵੀ ਦਾ ਸੱਚ ਤੋਂ ਮੁਨਕਰ ਹੋਕੇ ਲਿਖਣਾ

(4) ਗੀਤ ਦਾ ਮਨੋਰੰਜਨ ਨਾ ਕਰਨਾ

**120.** 'ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ' ਸਤਰ ਵਿਚ ਕਿਹੜਾ ਅਲੰਕਾਰ ਹੈ ?

(1) ਚਿਤਰ ਅਲੰਕਾਰ

(2) ਵਚਿੱਤਰ ਅਲੰਕਾਰ

(3) ਅਤਿਕਥਨੀ ਅਲੰਕਾਰ

(4) ਅਨੁਪ੍ਰਾਸ ਅਲੰਕਾਰ

Downloaded From http://www.teachers-eligibility-test.com

Downloaded From http://www.teachers-eligibility-test.com



ਪਰੀਖਿਆਰਥੀ ਹੇਠ ਲਿਖੇ ਭਾਗ ਦੇ ਪ੍ਰਸ਼ਨਾਂ ਦੇ ਉੱਤਰ ਕੇਵਲ ਤਾਂ ਹੀ ਦੇਵੇ ਜੇਕਰ ਉਸਨੇ **ਭਾਗ – II** ਦਾ ਵਿਕਲਪ **ਪੰਜਾਬੀ** ਚੁਣਿਆ ਹੈ ।

→

Downloaded From http://www.teachers-eligibility-test.com

Downloaded From http://www.teachers-eligibility-test.com



# ਭਾਗ V
## ਭਾਸ਼ਾ II
## ਪੰਜਾਬੀ

*ਨੋਟ : ਹੇਠਲੇ ਪ੍ਰਸ਼ਨ ਨੰ. 121 ਤੋਂ 135 ਵਿਚੋਂ ਹਰ ਪ੍ਰਸ਼ਨ ਦਾ ਸਭ ਤੋਂ ਸਹੀ ਉੱਤਰ ਚੁਣੋ ।*

121. ਮੁਢਲੇ ਰੂਪ 'ਚ ਕੀ ਪਰਖਣ ਵਾਸਤੇਂ ਅੰਗਰੇਜ਼ੀ ਪਾਠਕ੍ਰਮ ਵਿਚ ਵਾਰਤਾਲਾਪ ਲੇਖਣ ਸ਼ਾਮਲ ਕੀਤਾ ਜਾਂਦਾ ਹੈ

(1) ਵਿਆਕਰਣਕ ਸ਼ੁਧਤਾ

(2) ਵਾਰਤਾਲਾਪ ਮੁਹਾਰਤ

(3) ਸਿਰਜਣਾਤਮਿਕਤਾ

(4) ਲੇਖਣ ਕੁਸ਼ਲਤਾ

122. ਜੋ ਪੜ੍ਹਾਇਆ ਜਾਂਦਾ ਹੈ ਉਹ ਸਿੱਖਿਆ ਨਹੀਂ ਜਾਂਦਾ ਕਿਉਂਕਿ

(1) ਵਿਦਿਆਰਥੀ ਗ਼ੈਰ ਰਸਮੀ ਚਰਚਾ ਦੌਰਾਨ ਧਿਆਨ ਦਿੰਦੇ ਹਨ

(2) ਇਕ ਅਧਿਆਪਕ ਦਾ ਸਮਾਜਕ-ਆਰਥਿਕ ਪੱਧਰ ਵਿਦਿਆਰਥੀ ਨਾਲੋਂ ਕਾਫੀ ਵੱਖਰਾ ਹੋ ਸਕਦਾ ਹੈ

(3) ਵਿਦਿਆਰਥੀਆਂ ਦੀ ਵੱਖੋ ਵੱਖਰੀ ਯੋਗਤਾ 'ਤੇ ਸਖ਼ਸ਼ੀਅਤ ਹੁੰਦੀ ਹੈ ਅਤੇ ਉਨ੍ਹਾਂ ਦਾ ਪਿਛੋਕੜ ਵੀ ਭਿੰਨ-ਭਿੰਨ ਹੁੰਦਾ ਹੈ

(4) ਇਕ ਅਧਿਆਪਕ ਜਾਂ ਸਿੱਖਿਅਕ ਕਦੇ ਕਿਸੇ ਅਨੁਸ਼ਾਸਨ ਵਿਚ ਮਾਹਰ ਨਹੀਂ ਹੋ ਸਕਦਾ

123. ਕਿਸ ਦੇ ਵਿਸ਼ੇ ਮੂਲਕ ਵਾਕ ਵਿਚ ਮੁੱਖ ਵਿਚਾਰ ਹੁੰਦਾ ਹੈ

(1) ਇਕ ਭਾਸ਼ਣ

(2) ਇਕ ਪੈਰਾ ਰਚਨਾ

(3) ਇਕ ਗੱਲਬਾਤ

(4) ਇਕ ਲੇਖ

124. ਉਸਾਰਵਾਦ (constructivism) ਇਕ ਅਜਿਹਾ ਸਿਧਾਂਤ ਹੈ ਜਿਸ ਵਿਚ ਵਿਦਿਆਰਥੀ

(1) ਚੀਜ਼ਾਂ ਦੇ ਤਜ਼ਰਬਿਆਂ ਦੇ ਆਧਾਰ 'ਤੇ ਉਨ੍ਹਾਂ ਤਜ਼ਰਬਿਆਂ ਨੂੰ ਪ੍ਰਤੀਬੰਬਤ ਕਰਦਾ ਹੋਇਆ ਦੁਨੀਆਂ ਬਾਰੇ ਨਿੱਜੀ ਸਮਝ ਅਤੇ ਗਿਆਨ ਬਣਾਉਂਦਾ ਹੈ

(2) ਅਧਿਆਪਕ ਦੀ ਸਹੂਲੀਅਤ ਨਾਲ ਅਤੇ ਵੱਖੋ ਵੱਖਰੇ ਮੀਡੀਆ ਦੀ ਵਰਤੋਂ ਕਰਕੇ ਖੋਜ ਅਤੇ ਆਪਣੇ ਸਿਧਾਂਤ ਸਥਾਪਤ ਕਰਦਾ ਹੈ

(3) ਆਪਣੀ ਨਿੱਜੀ ਸਿੱਖਣ-ਸਾਮੱਗਰੀ ਬਣਾਉਂਦੇ ਹੋਏ ਤਜ਼ਰਬੇ ਦਾ ਲਾਭ ਉਠਾਉਂਦੇ ਹਨ

(4) ਅਸਮਾਨ ਨਮੂਨਿਆਂ ਦੀਆਂ ਕਿਸਮਾਂ ਦਾ ਅਧਿਐਨ ਕਰਕੇ ਖੋਜ ਭਰਪੂਰ ਸਿੱਟੇ ਕੱਢਦਾ ਹੈ

Downloaded From http://www.teachers-eligibility-test.com

Downloaded From http://www.teachers-eligibility-test.com



**125.** ਇਕ ਸੰਸਥਾ ਅੰਦਰ ਵਿਦਿਅਕ ਸਾਧਨਾਂ ਨੂੰ ਸਾਂਝਾ ਕਰਨ ਦੇ ਯੋਗ ਬਣਾਉਣ ਵਾਲੀ ਸੰਚਾਰ ਤਕਨਾਲੋਜੀ ਨੂੰ ਕਹਿੰਦੇ ਹਨ

(1) ਇੰਟਰਾਨੈੱਟ

(2) ਡੈੱਲਨੈੱਟ

(3) ਐਰਨੈੱਟ

(4) ਇੰਟਰਨੈੱਟ

**126.** 'ਹਕੀਕੀ ਵਾਸਤਵਿਕਤਾ' ਹੈ

(1) ਵੀਡਿਓਕਾਨਫਰੰਸਿੰਗ

(2) ਕੰਪਿਊਟਰ ਜਨਰੇਸ਼ਨ ਰਾਹੀ ਕ੍ਰਿਆਤਮਕਤਾ ਦਾ ਇਕ ਵਿਕਸਿਤ ਜੰਤਰ

(3) ਵੀਡੀਓਡਿੰਸਕ

(4) ਟੈਲੀਕਾਨਫਰੰਸਿੰਗ

**127.** ਸ਼ਬਦਾਂ ਦੀ 'Back Formation' ਦੀ ਉਦਾਹਰਨ ਹੈ

(1) ਮੋਟਰ + ਹੋਟਲ > ਮੋਟਲ

(2) ਵਰਤੋਂ + ਘੱਟ > ਬੇਕਾਰ

(3) ਮੰਤਰਾ (ਹਿੰਦੀ/ਸੰਸਕ੍ਰਿਤ) > ਮੰਤਰਾ (ਅੰਗਰੇਜ਼ੀ)

(4) ਚੋਰ > ਚੋਰੀ

**128.** ਦੋ ਸ਼ਬਦ ਜੁੱਟਾਂ ਦੀ ਉਦਾਹਰਨ ਦਿਉ

(1) ਰੋਟੀ ਤੇ ਮੱਖਣ/ਸਮਾਂ ਤੇ ਲਹਿਰ

(2) ਹਵਾ-ਅਨੁਕੂਲਤਾ/ਕਰ-ਦਾਤਾ

(3) ਤੇਲ ਖੂਹ/ਛਪਾਈ ਪੇਪਰ

(4) ਸਿਰਦਰਦ/ਵਰਖਾ

**129.** ਭਾਸ਼ਾ ਸਿੱਖਣ ਵਾਸਤੇ

(1) ਵਿਆਕਰਨ ਦੇ ਵਿਸ਼ਲੇਸ਼ਣ ਅਤੇ ਸੰਖੇਪਤਾ ਦੇ ਨਾਲ ਨਾਲ ਸ਼ਬਦਾਵਲੀ ਦੀ ਯਾਦਾਸ਼ਤ ਲਈ ਇਕ ਸਿਲਸਿਲੇਵਾਰ ਪਹੁੰਚ ਅਪਣਾਉਣੀ

(2) ਮਨੁੱਖੀ ਦਿਮਾਗ ਦੀ ਸੁਭਾਵਕ ਸਮਰੱਥਾ ਕਰਕੇ ਇਕ ਦੇਸੀ ਜਾਂ ਇਕ ਦੂਜੈਲੀ ਭਾਸ਼ਾ ਨੂੰ ਸਿੱਖਣ ਦੇ ਅਮਲ ਦੀ ਲੋੜ

(3) ਵਾਤਾਵਰਨ ਅਨੁਸਾਰ ਇਕ ਤਕਨੀਕ ਅਪਣਾਉਣੀ ਜਿਸ ਰਾਹੀਂ ਬੱਚੇ ਆਪਣੀ ਦੇਸੀ ਭਾਸ਼ਾ ਸਿੱਖਣ

(4) ਯਾਦਾਸ਼ਤ ਅਤੇ ਲੋੜੀਂਦੀ ਸ਼ਬਦਾਵਲੀ ਦੀ ਵਰਤੋਂ ਦੀ ਜ਼ਰੂਰਤ ਹੋਣੀ

**130.** NCF 2005 ਅਨੁਸਾਰ ਅਧਿਆਪਨ ਦਾ ਮਕਸਦ ਸ਼ਾਖਰਤਾ ਰਾਹੀਂ ਸਾਰਾਂਸ਼ ਮੂਲਕ ਵਿਚਾਰ ਅਤੇ ਗਿਆਨ ਲਈ ਇਕ ਸਾਧਨ ਮੁਹੱਈਆ ਕਰਨਾ ਹੈ

(1) ਪਹਿਲੀ ਭਾਸ਼ਾ

(2) ਤੀਜੀ ਭਾਸ਼ਾ

(3) ਕਲਾਸੀਕਲ ਭਾਸ਼ਾ

(4) ਦੂਜੀ ਭਾਸ਼ਾ

Downloaded From http://www.teachers-eligibility-test.com

Downloaded From http://www.teachers-eligibility-test.com



**131.** ਵਾਕਾਂਸ਼ ਕਿਰਿਆ ਦਾ ਉਦਾਹਰਣ ਹੈ

(1) ਆਲੇ ਦੁਆਲੇ ਵੇਖਣਾ/ਬਾਹਰ ਵੇਖਣਾ

(2) ਕਿਸੇ ਵੱਲ ਵੇਖਣਾ/ਅੰਦਰ ਵੇਖਣਾ

(3) ਬੁਝਾਉਣਾ/ਬਾਹਰ, ਰੱਖਣਾ

(4) ਬੱਸ ਅੱਡਾ/ਪਾਰਕਿੰਗ ਮੀਟਰ

**132.** ਵਿਸ਼ਾ ਆਧਾਰੀ ਪਹੁੰਚ ਹੁੰਦੀ ਹੈ ਜਿਥੇ ਸਿਖਲਾਈ ਤਜ਼ਰਬੇ ਹੇਠ ਲਿਖੇ ਦੁਆਲੇ ਕੀਤੇ ਜਾਂਦੇ ਹਨ

(1) ਅਧਿਆਪਕ ਦੀ ਵਿਸ਼ੇ ਦੀ ਮੁਹਾਰਤ

(2) ਵਿਸ਼ੇ ਸਾਮੱਗਰੀ

(3) ਸਿੱਖਿਆ ਤਕਨਾਲੋਜੀ

(4) ਵਿਦਿਆਰਥੀ ਦੀ ਰੁਚੀ

**133.** ਆਂਕਲਣ ਦਾ ਤਰੀਕਾ ਹੈ

(1) ਪ੍ਰਸ਼ਨਾਂ ਦੇ ਆਧਾਰ 'ਤੇ ਅੰਕਾਂ ਦੀ ਵੰਡ

(2) ਵਿਦਿਆਰਥੀ ਦੀ ਸਮਰੱਥਾ ਦਾ ਆਮ ਪ੍ਰਭਾਵ

(3) ਅੰਕ ਕੁੰਜੀ

(4) ਮੁਲਾਂਕਣ ਦੀ ਸਾਧ

**134.** ਸ਼ਬਦ Flow ਵਿਚ 'ow' ਲਈ ਧੁਨੀਆਤਮਕ ਚਿੰਨ੍ਹ ਹੈ

(1) /ew/

(2) /au/

(3) /ou/

(4) /eu/

**135.** ਪੜ੍ਹਤ ਦੌਰਾਨ ਮੁਹਾਰਤ ਦਾ ਇਕੱਤਰੀਕਰਨ ਹੈ

(1) ਨੋਟਸ ਬਣਾਉਣੇ

(2) ਸਾਰ

(3) ਸੰਖੇਪਤਾ

(4) ਨੋਟਸ ਲੈਣੇ

***ਨੋਟ** : ਹੇਠ ਲਿਖੇ ਪੈਰੇ ਨੂੰ ਪੜ੍ਹੋ ਅਤੇ ਪ੍ਰਸ਼ਨ ਨੰ. 136 ਤੋਂ 141 ਤਕ ਦੇ ਉੱਤਰਾਂ ਵਿੱਚੋਂ **ਢੁਕਵੇਂ ਉੱਤਰ ਚੁਣੋ ।***

ਤ੍ਰਿੰਝਣ ਦੀ ਝਾਂਕੀ ਇਕ ਸੁਹਾਵਣਾ ਚਿੱਤ੍ਰ ਹੈ । ਕੁਆਰੀਆਂ, ਲਾੜੀਆਂ, ਸਜ-ਵਿਆਹੀਆਂ, ਅਧਖੜਾਂ ਤੇ ਬੁੱਢੀਆਂ ਮਾਵਾਂ-ਦਾਦੀਆਂ ਆਪੋ-ਆਪਣੇ ਚਰਖੇ ਲਿਆ ਕੇ ਜੁੜ ਬਹਿੰਦੀਆਂ ਹਨ । ਉਨ੍ਹਾਂ ਅੰਦਰ ਇਕ ਦੂਜੀ ਨੂੰ ਮਾਤ ਪਾਣ ਦੀ ਹੋੜ ਰਹਿੰਦੀ ਹੈ । ਉਨ੍ਹਾਂ ਸਾਰੀਆਂ ਦੀ ਮਧੁਰ ਬਾਣੀ ਵਾਯੂ-ਮੰਡਲ ਅੰਦਰ ਇਕ ਨਿੱਘ ਭਰ ਦਿੰਦੀ ਹੈ । ਚਰਖਾ ਕਦੀ ਵੀ ਗੀਤ-ਵਿਹੂਣਾ ਨਹੀਂ ਰਿਹਾ । ਤ੍ਰਿੰਝਣ ਲਈ ਕੋਈ ਵੀ ਸਮਾਂ ਰਖਿਆ ਜਾ ਸਕਦਾ ਹੈ । ਸਿਆਲ ਦੀ ਰੁੱਤ ਤ੍ਰਿੰਝਣ ਲਈ ਚੰਗੀ ਮੰਨੀ ਜਾਂਦੀ ਹੈ । 'ਚਿੜੀ-ਚਤੂੰਗਾ' ਛੁਟੇਰੇ ਦਿਨ ਲਈ ਚੰਗਾ ਰਹਿੰਦਾ ਹੈ । ਇਸ ਤ੍ਰਿੰਝਣ ਨੂੰ 'ਚਿੜੀ-ਚਤੂੰਗਾ' ਇਸ ਲਈ ਆਖਿਆ ਜਾਂਦਾ ਹੈ ਕਿ ਦਿਨ ਛੋਟਾ ਹੁੰਦਾ ਹੈ ਤੇ ਕੱਤਣ ਵਾਲੀਆਂ ਨੂੰ ਇੰਨੀ ਕਾਹਲੀ ਹੁੰਦੀ ਹੈ ਕਿ ਉਨ੍ਹਾਂ ਕੋਲ ਚਿੜੀਆਂ ਤੇ ਉਨ੍ਹਾਂ ਦੇ ਨਿੱਕੇ ਬਾਲਾਂ ਅਥਵਾ ਚਤੂੰਗਿਆਂ ਨੂੰ ਵੇਖਣ ਦਾ ਸਮਾਂ ਨਹੀਂ ਹੁੰਦਾ । ਪਹੁ ਫੁਟਣ 'ਤੇ ਉਹ ਕਿਸੇ ਵੀ ਘਰ ਅੰਦਰ ਬਹਿ ਜਾਂਦੀਆਂ ਹਨ, ਤੇ ਆਥਣ ਤੀਕ ਕੱਤਦੀਆਂ ਰਹਿੰਦੀਆਂ ਹਨ । ਦੁਪਹਿਰ ਨੂੰ ਘਰੋਂ ਉਨ੍ਹਾਂ ਲਈ ਰੋਟੀ-ਟੁੱਕਰ ਆ ਜਾਂਦਾ ਹੈ, ਜਿਸ ਨੂੰ ਛੇਤੀ ਮੁਕਾ ਕੇ ਉਹ ਫਿਰ ਆਪਣੇ ਕੰਮ ਲੱਗ ਜਾਂਦੀਆਂ ਹਨ । ਜੇ ਕੋਠੇ 'ਚ ਹਨੇਰਾ ਹੋਵੇ ਤਾਂ ਸਾਰਾ ਦਿਨ ਇਕ ਦੀਵਾ ਬਲਦਾ ਰਹਿੰਦਾ ਹੈ ਪਰ ਕੱਤਣ ਵਾਲੀ ਮੁੱਢਿਆਂ ਦੀ ਪੱਛੀ ਭਰ ਕੇ ਘਰ

Downloaded From http://www.teachers-eligibility-test.com

Downloaded From http://www.teachers-eligibility-test.com



ਮੁੜਦੀ ਹੈ । ਇਨ੍ਹਾਂ ਮੁੱਢਿਆਂ ਦਾ ਸੂਤ ਡਾਢਾ ਮਹੀਨ, ਇਕਸਾਰ ਤੇ ਇਕਤਾਰ ਹੁੰਦਾ ਹੈ । ਸਿਆਲ ਦੀ ਸਾਰੀ ਰਾਤ ਦਾ ਤ੍ਰਿੰਝਣ 'ਜਗਰਾਤਾ' ਅਖਵਾਉਂਦਾ ਹੈ । ਜਗਰਾਤਾ ਰਾਤ ਦੇ ਪਹਿਲੇ ਪਹਿਰ ਪਿਛੋਂ ਆਰੰਭ ਹੁੰਦਾ ਹੈ, ਕਿਉਂਕਿ ਉਦੋਂ ਤੀਕ ਘਰ ਦਾ ਕੰਮ-ਕਾਰ ਮੁੱਕ ਜਾਂਦਾ ਹੈ । ਇਹ ਤ੍ਰਿੰਝਣ ਪਹੁ ਫੁੱਟਣ ਤਕ ਚਲਦਾ ਹੈ । ਸਿਆਲ ਦੀ ਰੁੱਤ ਲਮੇਰੀ ਹੁੰਦੀ ਹੈ । ਇਸ ਲਈ ਜਗਰਾਤੇ ਵਿਚ ਚਿੜੀ-ਚਿਤੁੰਗੇ ਨਾਲੋਂ ਵਧੇਰੇ ਸੂਤ ਕੱਤਿਆ ਜਾ ਸਕਦਾ ਹੈ, ਜਗਰਾਤੇ ਨੂੰ ਕਈ ਰਾਤ-ਕੱਤਣੀ ਵੀ ਸਦਦੇ ਹਨ । ਲੋਹੇ ਦੇ ਭਾਂਡੇ ਵਿਚ ਅੱਗ ਪਾ ਕੇ ਵਿਚਕਾਰ ਰੱਖ ਦਿੱਤੀ ਜਾਂਦੀ ਹੈ, ਤਾਂ ਜੋ ਠੰਢ ਨਾ ਲਗੇ । ਗੀਤ ਅਰੰਭ ਹੋ ਜਾਂਦੇ ਹਨ ਤੇ ਉਨ੍ਹਾਂ ਦੀ ਮਧੁਰ ਲੈਅ ਵਿਚ ਹੀ ਪਹੁ-ਫੁਟਾਲਾ ਹੁੰਦਾ ਹੈ ।

**136.** ਤ੍ਰਿੰਝਣ ਦਾ ਸੰਬੰਧ ਹੈ

(1) ਛੋਟੇ ਬੱਚੇ-ਬੱਚੀਆਂ ਨਾਲ

(2) ਔਰਤਾਂ ਨਾਲ

(3) ਮੇਲੇ ਨਾਲ

(4) ਗੱਭਰੂਆਂ ਨਾਲ

**137.** ਤ੍ਰਿੰਝਣ ਸ਼ਬਦ ਕਿਸ ਲਈ ਨਹੀਂ ਵਰਤਿਆ ਜਾਂਦਾ ?

(1) ਜਗਰਾਤਾ

(2) ਰਾਤ ਕੱਢਣੀ

(3) ਚਰਖੇ ਬਹਿਣੀ

(4) ਚਿੜੀ ਚਤੁੰਗਾ

**138.** 'ਪੱਛੀ' ਸ਼ਬਦ ਦਾ ਅਰਥ ਹੈ

(1) ਟੋਕਰੀ

(2) ਦਰਖ਼ਤ 'ਤੇ ਬੈਠਾ ਪੰਛੀ

(3) ਗਹਿਰਾ ਜ਼ਖਮ

(4) ਅਸਮਾਨ ਵਿਚ ਉੱਡਦਾ ਪੰਛੀ

**139.** 'ਜਗਰਾਤਾ' ਤੋਂ ਭਾਵ ਹੈ

(1) ਸਾਰੀ ਰਾਤ ਜਾਗਣਾ

(2) ਸਿਆਲ ਦੀ ਸਾਰੀ ਰਾਤ ਚਰਖਾ ਕੱਤਣਾ

(3) ਸਾਰੀ ਰਾਤ ਮਾਤਾ-ਰਾਣੀ ਦਾ ਗੁਣਗਾਨ ਕਰਨਾ

(4) ਇਨ੍ਹਾਂ ਵਿਚੋਂ ਕੋਈ ਨਹੀਂ

**140.** ਚਿੜੀ-ਚਤੁੰਗਾ ਤੋਂ ਭਾਵ ਹੈ

(1) ਕੱਤਣ ਲਈ ਸਮਾਂ ਘਟ ਹੋਣ ਕਾਰਨ ਕਾਹਲੀ ਨਾਲ ਕੱਤਣਾ

(2) ਚਿੜੀਆਂ ਤੇ ਉਨ੍ਹਾਂ ਦੇ ਬੱਚਿਆਂ ਨੂੰ ਦਾਣਾ ਪਾਉਣਾ

(3) ਕੱਤਣ ਲਈ ਸਮਾਂ ਘਟ ਹੋਣਾ ਅਤੇ ਹੋਰ ਕੰਮਾਂ ਵਲ ਧਿਆਨ ਦਿੱਤਾ ਜਾਣਾ

(4) ਉਪਰੋਕਤ ਵਿਚੋਂ ਕੋਈ ਨਹੀਂ

**141.** 'ਮੁੱਢੀ' ਸ਼ਬਦ ਦਾ ਅਰਥ ਹੈ

(1) ਚਰਖੇ ਦੀ ਮਾਹਲ

(2) ਪੂਣੀ

(3) ਚਰਖੇ ਨੂੰ ਕੱਤਣਾ ਅਰੰਭ ਕਰਨਾ

(4) ਲੜਕੀ

Downloaded From http://www.teachers-eligibility-test.com

Downloaded From http://www.teachers-eligibility-test.com


***ਨੋਟ : ਹੇਠ ਲਿਖੇ ਪੈਰੇ ਨੂੰ ਪੜ੍ਹੋ ਅਤੇ ਪ੍ਰਸ਼ਨ ਨੰ. 142 ਤੋਂ 150 ਤਕ ਦੇ ਉੱਤਰਾਂ ਵਿੱਚੋਂ ਢੁੱਕਵੇਂ ਉੱਤਰ ਚੁਣੋ ।***

ਜਿਵੇਂ ਅਰਸ਼ਾਂ ਦੀ ਕੋਈ ਸੱਚੀ ਚੀਜ਼ ਹੋਵੇ ਤੇ ਉਹਦਾ ਪ੍ਰਤਿਬਿੰਬ ਹੇਠਾਂ ਪਵੇ, ਚੰਨ ਤਾਂ ਗਗਨ ਵਿਚ ਚਮਕੇ ਪਰ ਸਾਡੇ ਪਿੰਡ ਦੇ ਛੱਪੜ ਵਿਚ ਵੀ ਚੰਨ ਦਿੱਸੇ, ਅਸੀਂ ਨੱਸੀਏ ਤੇ ਛੱਪੜ ਵਿਚ ਚਮਕਦਾ ਚੰਨ ਵੀ ਨਾਲ ਨਾਲ ਨੱਸੇ ਤੇ ਅਸੀਂ ਪ੍ਰਤਿਬਿੰਬ ਤੇ ਇੰਨੇ ਡਲ ਜਾਈਏ ਕਿ ਹੱਥ ਵੀ ਲੰਮੇ ਕਰੀਏ, ਪਰ ਛੱਪੜ ਦਾ ਚੰਨ ਸਾਡੀ ਜੱਫੀ ਵਿਚ ਨਹੀਂ ਆਉਂਦਾ, ਤਿਵੇਂ ਹੀ ਪਿਆਰ ਰੂਹ ਦਾ ਇਕ ਪ੍ਰਭਾਵ ਹੈ, ਰੂਹ ਦਾ ਇਕ ਅਪਣਾ ਧੁਰਾ ਜਾਂ ਸੁਭਾਵ ਹੈ । ਜਿਵੇਂ ਚੰਨ ਦਾ ਸੁਭਾਵ ਚਾਨਣ, ਤਿਵੇਂ ਰੂਹ ਦਾ ਪ੍ਰਕਾਸ਼ ਪਿਆਰ ਹੈ । ਜਦ ਰੂਪਾਂ ਵਿਚ ਉਸ ਦਾ ਪ੍ਰਤਿਬਿੰਬ ਪੈਂਦਾ ਹੈ, ਰੂਪ ਦੀਆਂ ਮੂਰਤੀਆਂ ਵਿਚ ਉਹਦੀ ਖਿੱਚ ਵਜਦੀ ਹੈ । ਅਸੀਂ ਬਾਲਕਾਂ ਵਾਂਗ ਪਿਆਰ ਦੇ ਸਦਾ ਉਡਾਰੂ ਤੇ ਸਦਾ ਨਾ ਪਕੜੇ ਜਾਣ ਵਾਲੇ ਪ੍ਰਭਾਵ ਨੂੰ ਆਪਣੇ ਦੋਹਾਂ ਹੱਥਾਂ ਵਿਚ ਫੜਨ ਨੂੰ ਦੌੜਦੇ ਹਾਂ । ਤੇ ਜਦ ਫੜਿਆ ਨਹੀਂ ਜਾਂਦਾ, ਅਸੀਂ ਕਹਿੰਦੇ ਹਾਂ ਪਿਆਰ ਹੈ ਹੀ ਕਿਤੇ ਨਹੀਂ । ਜਿੱਥੇ ਪਿਆਰ ਨਾਜ਼ਲ ਹੁੰਦਾ ਹੈ, ਉਸ ਆਪਣੇ ਦਿਲ ਦੇ ਮੰਦਰ ਦੇ ਬੂਹੇ ਖੁਲ੍ਹੇ ਸੁੱਟ ਕੇ ਅਸੀਂ ਬਾਹਰ ਦੌੜ ਪੈਂਦੇ ਹਾਂ । ਬਾਹਰ ਮਿਲਦਾ ਨਹੀਂ ਤੇ ਬੁੱਢੇ ਵਾਰੇ ਸਾਰੀ ਜ਼ਿੰਦਗੀ ਦੀ ਪਿਆਰ ਦੇ ਟੋਲ ਦੀ ਥਕਾਨ, ਨਿਰਾਸ਼ਤਾ, ਸਫ਼ਰ ਤੇ ਤਲਾਸ਼ ਦਾ ਘੱਟਾ ਤੇ ਮੈਲ, ਸਾਡੇ ਉੱਪਰ ਆਣ ਜੰਮਦੀ ਹੈ, ਤੇ ਜਿੱਥੇ ਜੀਵਨ ਨੇ ਪੱਕੇ ਫਲ ਵਾਂਗ ਰੰਗ, ਰੂਪ, ਰਸ, ਅੰਮ੍ਰਿਤ ਤੇ ਮਿੱਠੇ ਰਸ ਨਾਲ ਭਰੀ ਡਾਲੀ ਨਾਲੋਂ ਵਿਛੜਨਾ ਸੀ, ਉੱਥੇ ਅਸੀਂ ਹੌਕੇ ਖਾਂਦੇ, ਜਗਤ ਨੂੰ ਕਾਲਾ ਤੇ ਭੈੜਾ ਅਤੇ ਕਰੂਪ ਵੇਖਦੇ, ਰੱਬ ਨੂੰ ਉਲਾਹਮੇ ਦੇਂਦੇ, ਮੌਤ ਵੱਲ ਇਕੁਰ ਜਾਂਦੇ ਹਾਂ ਜਿਵੇਂ ਹੱਥਕੜੀ ਲੱਗਾ ਕੈਦੀ ਜੇਹਲਖਾਨੇ ਦੀ ਕਾਲੀ ਕੋਠੜੀ ਵਲ ਜਾਂਦਾ ਹੈ । ਇਹ ਸਾਡਾ ਤਜ਼ਰਬਾ ਕਾਲਖ ਦਾ ਢੇਰ ਹੈ ਕਿ ਅਸੀਂ ਜਵਾਰੀਆਂ ਵਾਂਗ ਰੂਹ ਨੂੰ ਹਾਰ ਚੁਕੇ ਹਾਂ ।

**142.** ਲੇਖਕ ਅਨੁਸਾਰ ਪਿਆਰ

(1) ਰੂਹ ਦਾ ਪ੍ਰਕਾਸ਼ ਹੈ

(2) ਵਿਅਕਤੀ ਦੀ ਪਕੜ ਤੋਂ ਬਾਹਰ ਹੈ

(3) ਨਿਰਾ ਛਲਾਵਾ ਹੈ

(4) ਕਿਤੇ ਵੀ ਸਥਿਤ ਨਹੀਂ

**143.** ਪਿਆਰ-ਵਿਹੂਣੀ ਜ਼ਿੰਦਗੀ ਜੀਵਨ ਦੇ ਅੰਤਿਮ ਪੜਾਅ 'ਤੇ ਕੀ ਮਹਿਸੂਸ ਕਰਦੀ ਹੈ ?

(1) ਸੰਸਾਰ ਪ੍ਰਤੀ ਨਿਖੇਧਾਤਮਕਤਾ

(2) ਦੈਵੀ ਸੰਸਾਰ ਪ੍ਰਤੀ ਉਪਰਾਮਤਾ

(3) ਉਪਰੋਕਤ ਦੋਹਾਂ ਵਿਚੋਂ ਕੋਈ ਨਹੀਂ

(4) ਉਪਰੋਕਤ ਦੋਵੇਂ

**144.** 'ਨਾਜ਼ਲ' ਸ਼ਬਦ ਦਾ ਅਰਥ ਹੈ

(1) ਕਾਰਜਸ਼ੀਲ

(2) ਕਰਮਸ਼ੀਲ

(3) ਪ੍ਰਗਟ

(4) ਅਦ੍ਰਿਸ਼ਟ

Downloaded From http://www.teachers-eligibility-test.com

Downloaded From http://www.teachers-eligibility-test.com



*ਹੇਠ ਲਿਖੀ ਸਤਰ ਦੇ ਅਧਾਰ 'ਤੇ ਪ੍ਰਸ਼ਨ ਸੰਖਿਆ 145 ਤੋਂ 147 ਦੇ ਉੱਤਰ ਦਿਉ ।*

ਅਸੀਂ ਬਾਲਕਾਂ ਵਾਂਗ ਪਿਆਰ ਦੇ ਸਦਾ ਉਡਾਰੂ ਤੇ ਸਦਾ ਨਾ ਪਕੜੇ ਜਾਣ ਵਾਲੇ ਪ੍ਰਭਾਵ ਨੂੰ ਆਪਣੇ ਦੋਹਾਂ ਹੱਥਾਂ ਵਿਚ ਫੜਨ ਨੂੰ ਦੌੜਦੇ ਹਾਂ ।

**145.** 'ਹੱਥਾਂ' ਸ਼ਬਦ ਕਿਸ ਵਿਆਕ੍ਰਣਕ ਇਕਾਈ ਨਾਲ ਸੰਬੰਧਿਤ ਹੈ ?

(1) ਵਿਸ਼ੇਸ਼ਣ

(2) ਨਾਂਵ

(3) ਕਿਰਿਆ ਵਿਸ਼ੇਸ਼ਣ

(4) ਕਿਰਿਆ

**146.** 'ਅਸੀਂ' ਸ਼ਬਦ ਕਿਸ ਵਿਆਕਰਣਕ ਸ਼੍ਰੇਣੀ ਨਾਲ ਸੰਬੰਧਿਤ ਹੈ ?

(1) ਨਾਂਵ

(2) ਕਿਰਦੰਤ

(3) ਵਿਸ਼ੇਸ਼ਣ

(4) ਪੜਨਾਂਵ

**147.** ਉਪਰੋਕਤ ਸਤਰ ਵਿਚ __________ ਸ਼ਬਦ ਯੋਜਕ ਵਜੋਂ ਵਰਤਿਆ ਗਿਆ ਹੈ ।

(1) ਦੇ

(2) ਨੂੰ

(3) ਵਿਚ

(4) ਤੇ

**148.** 'ਛੱਪੜ ਦਾ ਚੰਨ' ਨੂੰ ਕਿਸ ਸੰਦਰਭ ਵਿਚ ਵਰਤਿਆ ਗਿਆ ਹੈ ?

(1) ਛੱਪੜ ਦਾ ਚੰਨ ਸਾਡੇ ਨਾਲ-ਨਾਲ ਨੱਸਦਾ ਹੈ

(2) ਛੱਪੜ ਦੇ ਚੰਨ ਵਾਂਗ ਪਿਆਰ ਰੂਹ ਦਾ ਇਕ ਪ੍ਰਭਾਵ ਹੈ

(3) ਛੱਪੜ ਦਾ ਚੰਨ ਰੂਹ ਵਾਂਗ ਚਮਕਦਾਰ ਨਹੀਂ ਹੁੰਦਾ

(4) ਛੱਪੜ ਦਾ ਚੰਨ ਪਿੰਡ ਦੀ ਖ਼ੂਬਸੂਰਤੀ ਨੂੰ ਸਪਸ਼ਟ ਕਰਦਾ ਹੈ

**149.** ਦਿੱਤੇ ਗਏ ਪੈਰੇ ਵਿਚ ਲੇਖਕ ਦਾ ਮਨੋਰਥ ਹੈ

(1) ਜੀਵਨ ਵਿਚ ਪਿਆਰ ਦੇ ਮਹੱਤਵ ਨੂੰ ਸਾਕਾਰ ਕਰਨਾ

(2) ਪ੍ਰਕਿਰਤਕ ਵੇਰਵੇ ਦੇਣਾ

(3) ਚੰਨ ਦੀ ਚਾਨਣੀ ਨੂੰ ਮਾਨਣ ਲਈ ਸੱਦਾ ਦੇਣਾ

(4) ਇਨ੍ਹਾਂ ਵਿਚੋਂ ਕੋਈ ਵੀ ਨਹੀਂ

**150.** 'ਅਸੀਂ ਜਵਾਰੀਆਂ ਵਾਂਗ ਰੂਹ ਨੂੰ ਹਾਰ ਚੁੱਕੇ ਹਾਂ' ਵਾਕ ਵਿਚ ਜਵਾਰੀਆਂ ਸ਼ਬਦ ਹੈ

(1) ਵਾਚਕ ਸ਼ਬਦ

(2) ਉਪਮਾਨ

(3) ਸਮਾਨ ਧਰਮ

(4) ਉਪਮੇਯ

Downloaded From http://www.teachers-eligibility-test.com

Downloaded From http://www.teachers-eligibility-test.com


## SPACE FOR ROUGH WORK

Downloaded From http://www.teachers-eligibility-test.com

Downloaded From http://www.teachers-eligibility-test.com


## SPACE FOR ROUGH WORK

Downloaded From http://www.teachers-eligibility-test.com

Downloaded From http://www.teachers-eligibility-test.com



**ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ :**

1. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ ਨੀਲੇ/ਕਾਲੇ ਬਾਲ ਪੁਆਇੰਟ ਪੈੱਨ ਨਾਲ ਭਰੋ । ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ ।
2. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ । ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ ।
3. ਪਰੀਖਿਆ ਪੁਸਤਿਕਾ ਅਤੇ ਉੱਤਰ ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ ਪੁਸਤਿਕਾ ਅਤੇ ਉੱਤਰ ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ ਪੁਸਤਿਕਾ ਨਹੀਂ ਦਿੱਤੀ ਜਾਵੇਗੀ ।
4. ਪਰੀਖਿਆ ਪੁਸਤਿਕਾ / ਉੱਤਰ ਪੱਤਰ ਵਿੱਚ ਦਿੱਤੇ ਗਏ ਪਰੀਖਿਆ ਪੁਸਤਿਕਾ ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜਰੀ-ਪੱਤਰ ਵਿੱਚ ਲਿਖਣ ।
5. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ ।
6. ਨਿਰੀਖਿਅਕ ਦੇ ਮੰਗਣ ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ ।
7. ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ ।
8. ਨਿਰੀਖਿਅਕ ਨੂੰ ਆਪਣਾ ਉੱਤਰ ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ । ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਵਾਰ ਹਾਜ਼ਰੀ-ਪੱਤਰ ਉੱਤੇ ਦਸਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ ਪੱਤਰ ਜਮ੍ਹਾਂ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ ।
9. ਇਲੈਕਟ੍ਰਾਨਿਕ / ਹੱਥ ਨਾਲ ਚੱਲਣ ਵਾਲੇ ਕੈਲਕੁਲੇਟਰ ਦਾ ਇਸਤੇਮਾਲ ਵਰਜਿਤ ਹੈ ।
10. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ ਕਾਨੂੰਨਾਂ ਦੀ ਪਾਲਨਾ ਕਰੇਗਾ । ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ ।
11. ਕਿਸੇ ਵੀ ਸਥਿਤੀ ਵਿੱਚ ਪਰੀਖਿਆ ਪੁਸਤਿਕਾ ਅਤੇ ਉੱਤਰ ਪੱਤਰ ਦਾ ਕੋਈ ਭਾਗ ਅਲਗ ਨਾ ਕਰੋ ।
12. **ਪਰੀਖਿਆ ਖ਼ਤਮ ਹੋਣ ਤੇ, ਪਰੀਖਿਆਰਥੀ ਹਾਲ / ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ ।** ***ਪਰੀਖਿਆਰਥੀ ਇਸ ਪਰੀਖਿਆ ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ ।***

Downloaded From http://www.teachers-eligibility-test.com

Downloaded From http://www.teachers-eligibility-test.com



**READ CAREFULLY THE FOLLOWING INSTRUCTIONS :**

1. Out of the four alternatives for each question, only one circle for the correct answer is to be darkened completely with Blue/Black Ball Point Pen on Side-2 of the OMR Answer Sheet. The answer once marked is not liable to be changed.
2. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
3. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
4. The candidates will write the correct Test Booklet Code and Number as given in the Test Booklet / Answer Sheet in the Attendance Sheet.
5. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/room.
6. Each candidate must show on demand his / her Admission Card to the Invigilator.
7. No candidate, without special permission of the Superintendent or Invigilator, should leave his / her seat.
8. The candidates should not leave the Examination Hall without handing over their Answer Sheet to the Invigilator on duty and sign the Attendance Sheet twice. Cases where a candidate has not signed the Attendance Sheet a second time will be deemed not to have handed over the Answer Sheet and dealt with as an unfair means case.
9. Use of Electronic / Manual Calculator is prohibited.
10. The candidates are governed by all Rules and Regulations of the Board with regard to their conduct in the Examination Hall. All cases of unfair means will be dealt with as per Rules and Regulations of the Board.
11. No part of the Test Booklet and Answer Sheet shall be detached under any circumstances.
12. **On completion of the test, the candidate must hand over the Answer Sheet to the Invigilator in the Room / Hall.** ***The candidates are allowed to take away this Test Booklet with them.***

**निम्नलिखित निर्देश ध्यान से पढ़ें :**

1. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के पृष्ठ-2 पर केवल एक वृत्त को ही पूरी तरह नीले/काले बॉल पॉइन्ट पेन से भरें । एक बार उत्तर अंकित करने के बाद उसे बदला नहीं जा सकता है ।
2. परीक्षार्थी सुनिश्चित करें कि इस उत्तर पत्र को मोड़ा न जाए एवं उस पर कोई अन्य निशान न लगाएँ । परीक्षार्थी अपना अनुक्रमांक उत्तर पत्र में निर्धारित स्थान के अतिरिक्त अन्यत्र न लिखें ।
3. परीक्षा पुस्तिका एवं उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर पत्र के संकेत या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी ।
4. परीक्षा पुस्तिका / उत्तर पत्र में दिए गए परीक्षा पुस्तिका संकेत व संख्या को परीक्षार्थी सही तरीके से हाज़िरी-पत्र में लिखें ।
5. परीक्षार्थी द्वारा परीक्षा हॉल/कक्ष में प्रवेश कार्ड के सिवाय किसी प्रकार की पाठ्य सामग्री, मुद्रित या हस्तलिखित, काग़ज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है ।
6. पूछे जाने पर प्रत्येक परीक्षार्थी, निरीक्षक को अपना प्रवेश-कार्ड दिखाएँ ।
7. अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें ।
8. कार्यरत निरीक्षक को अपना उत्तर पत्र दिए बिना एवं हाज़िरी-पत्र पर दुबारा हस्ताक्षर किए बिना परीक्षार्थी परीक्षा हॉल नहीं छोड़ेंगे । यदि किसी परीक्षार्थी ने दूसरी बार हाज़िरी-पत्र पर हस्ताक्षर नहीं किए तो यह माना जाएगा कि उसने उत्तर पत्र नहीं लौटाया है और यह अनुचित साधन का मामला माना जाएगा ।
9. इलेक्ट्रॉनिक / हस्तचालित परिकलक का उपयोग वर्जित है ।
10. परीक्षा-हॉल में आचरण के लिए परीक्षार्थी बोर्ड के सभी नियमों एवं विनियमों द्वारा नियमित हैं । अनुचित साधनों के सभी मामलों का फैसला बोर्ड के नियमों एवं विनियमों के अनुसार होगा ।
11. किसी हालत में परीक्षा पुस्तिका और उत्तर पत्र का कोई भाग अलग न करें ।
12. **परीक्षा सम्पन्न होने पर, परीक्षार्थी कक्ष / हॉल छोड़ने से पूर्व उत्तर पत्र कक्ष-निरीक्षक को अवश्य सौंप दें ।** ***परीक्षार्थी अपने साथ इस परीक्षा पुस्तिका को ले जा सकते हैं ।***

SEAL

Downloaded From http://www.teachers-eligibility-test.com